6

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2023

# ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਭੱਤਾ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਡਿਸਏਬਿਲਟੀ ਅਲਾਇੰਸ ਬੀ ਸੀ ਨੇ ਇਹ ਹੈਲਪ ਸ਼ੀਟ ਇਹ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ ਕਿ ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਭੱਤਾ ਕੀ ਹੈ ਅਤੇ ਇਸ ਲਈ ਅਪਲਾਈ ਕਿਵੇਂ ਕਰਨਾ ਹੈ। ਪੀ ਪੀ ਐੱਮ ਬੀ ਭੱਤਾ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਕੰਮ ਦੇ ਰਾਹ ਵਿਚ ਗੰਭੀਰ ਅਤੇ ਕਈ ਰੁਕਾਵਟਾਂ ਕਾਰਨ ਕੰਮ ਕਰਨ ਦੇ ਅਯੋਗ ਹਨ। ਇਸ ਦਾ ਮਤਲਬ ਹੈ ਕਿ ਤੁਹਾਡੀ ਮੈਡੀਕਲ ਹਾਲਤ ਇੰਨੀ ਗੰਭੀਰ ਹੋਣੀ ਜ਼ਰੂਰੀ ਹੈ ਕਿ ਇਹ ਤੁਹਾਨੂੰ ਹੁਣ ਜਾਂ ਅਨੁਮਾਨ ਲਾਉਣ ਯੋਗ ਭਵਿੱਖ ਵਿਚ ਕੰਮ ਲੱਭਣ, ਪ੍ਰਵਾਨ ਕਰਨ ਜਾਂ ਜਾਰੀ ਰੱਖਣ ਤੋਂ ਰੋਕਦੀ ਹੈ।

## ਪੀ ਪੀ ਐੱਮ ਬੀ ਨਾਲ ਤੁਹਾਨੂੰ ਕੀ ਮਿਲੇਗਾ

- ਤੁਹਾਨੂੰ ਪ੍ਰਤੀ ਮਹੀਨਾ 1110 ਡਾਲਰ ਤੱਕ ਮਿਲਣਗੇ ਜੇ ਤੁਸੀਂ ਇਕੱਲੇ ਹੋ ਅਤੇ ਤੁਹਾਡੇ ’ਤੇ ਨਿਰਭਰ ਕੋਈ ਨਹੀਂ ਹੈ
- ਤੁਹਾਡੇ ਤੋਂ ਕੰਮ ਲੱਭਣ ਦੀ ਉਮੀਦ ਨਹੀਂ ਕੀਤੀ ਜਾਵੇਗੀ
- ਜੇ ਤੁਸੀਂ ਕੰਮ ਕਰਨ ਦੀ ਚੋਣ ਕਰਦੇ ਹੋ ਤਾਂ ਤੁਸੀਂ ਆਪਣੀ ਕਮਾਈ ਹੋਈ ਆਮਦਨ ਵਿੱਚੋਂ ਪ੍ਰਤੀ ਮਹੀਨਾ 900 ਡਾਲਰ ਰੱਖਣ ਦੇ ਯੋਗ ਹੋਵੋਗੇ
- ਤੁਸੀਂ ਕੁਝ ਖਾਸ ਹੈਲਥ ਸਪਲੀਮੈਂਟਸ ਲਈ ਯੋਗ ਹੋਵੋਗੇ।

## ਪੀ ਪੀ ਐੱਮ ਬੀ ਦੇ ਯੋਗ ਹੋਣ ਲਈ

**ਤੁਹਾਡੇ ਫਾਰਮ ਉੱਪਰ ਹੈਲਥ ਅਸੈੱਸਮੈਂਟ ਕੌਣ ਭਰ ਸਕਦਾ ਹੈ?**

ਸਿਰਫ ਹੇਠਾਂ ਦੱਸੇ ਰਜਿਸਟਰਡ/ਲਸੰਸਸ਼ੁਦਾ ਸਿਹਤ ਮਾਹਰ ਹੀ ਤੁਹਾਡਾ ਪੀ ਪੀ ਐੱਮ ਬੀ ਐਪਲੀਕੇਸ਼ਨ ਫਾਰਮ ਭਰ ਸਕਦੇ ਹਨ:

- ਮੈਡੀਕਲ ਪ੍ਰੈਕਟੀਸ਼ਨਰ, ਨਰਸ ਪ੍ਰੈਕਟੀਸ਼ਨਰ, ਰਜਿਸਟਰਡ ਨਰਸ, ਰਜਿਸਟਰਡ ਸਾਇਕਐਟਰਿਕ ਨਰਸ, ਕਾਇਰੋਪ੍ਰੈਕਟਰ, ਆਕੂਪੇਸ਼ਨਲ ਥੈਰੇਪਿਸਟ, ਰਜਿਸਟਰਡ ਸੋਸ਼ਲ ਵਰਕਰ, ਫਿਜ਼ੀਕਲ ਥੈਰੇਪਿਸਟ, ਰਜਿਸਟਰਡ ਸਾਇਕੌਲੋਜਿਸਟ, ਸਕੂਲ ਸਾਇਕੌਲੋਜਿਸਟ, ਰਜਿਸਟਰਡ ਕਲਿਨੀਕਲ ਕੌਂਸਲਰ।

dabc
disability alliance bc

**Disability Alliance BC**
Information in this Help Sheet is based on the legislation that was current at the time of writing. The legislation and policy may be subject to change. Please check the date on this Help Sheet.

ਤੁਹਾਡੇ ਸਿਹਤ ਮਾਹਰ (ਹੈਲਥ ਪ੍ਰੋਫੈਸ਼ਨਲ) ਲਈ ਇਸ ਬਾਰੇ ਵੇਰਵੇ ਦੇਣਾ ਜ਼ਰੂਰੀ ਹੈ ਕਿ ਤੁਹਾਡੀ ਮੈਡੀਕਲ ਹਾਲਤ (ਕਿਸੇ ਮੈਡੀਕਲ ਹਾਲਤ ਵਿਚ ਕਿਸੇ ਨਸ਼ੇ ਦੀ ਆਦਤ ਵੀ ਸ਼ਾਮਲ ਹੋ ਸਕਦੀ ਹੈ) ਤੁਹਾਨੂੰ ਗੰਭੀਰ ਰੂਪ ਵਿਚ ਕੋਈ ਅਜਿਹਾ ਕੰਮ ਲੱਭਣ, ਪ੍ਰਵਾਨ ਕਰਨ ਜਾਂ ਜਾਰੀ ਰੱਖਣ ਤੋਂ ਰੋਕਦੀ ਹੈ *ਜਿਹੜਾ ਤੁਹਾਨੂੰ ਇਨਕਮ ਅਸਿਸਟੈਂਸ ਨਾ ਲੈਣ ਦੀ ਆਗਿਆ ਦੇਵੇਗਾ।*

**ਤੁਹਾਡੇ ਸਿਹਤ ਮਾਹਰ (ਹੈਲਥ ਪ੍ਰੋਫੈਸ਼ਨਲ) ਲਈ ਇਹ ਦੱਸਣਾ ਜ਼ਰੂਰੀ ਹੈ ਕਿ:**

- ਤੁਹਾਡੀ ਕੋਈ ਮੈਡੀਕਲ ਹਾਲਤ ਹੈ ਜਿਹੜੀ ਇਕ ਸਾਲ ਰਹੀ ਹੈ ਅਤੇ ਇਸ ਦੇ ਘੱਟੋ ਘੱਟ 2 ਹੋਰ ਸਾਲ ਜਾਰੀ ਰਹਿਣ ਦੀ ਸੰਭਾਵਨਾ ਹੈ, **ਜਾਂ**;
- ਤੁਹਾਡੀ ਕੋਈ ਮੈਡੀਕਲ ਹਾਲਤ ਹੈ ਜਿਹੜੀ ਪਿਛਲੇ ਸਾਲ ਵਿਚ ਵਾਰ ਵਾਰ ਹੋਈ ਹੈ ਅਤੇ ਇਸ ਦੇ ਘੱਟੋ ਘੱਟ 2 ਹੋਰ ਸਾਲ ਜਾਰੀ ਰਹਿਣ ਦੀ ਸੰਭਾਵਨਾ ਹੈ।

ਕੰਮ ਦੀਆਂ ਉਨ੍ਹਾਂ ਸਰਗਰਮੀਆਂ ਦੀਆਂ ਉਦਾਹਰਣਾਂ ਵਿਚ, ਜਿਨ੍ਹਾਂ ’ਤੇ ਵੱਖ ਵੱਖ ਸਿਹਤ ਹਾਲਤਾਂ ਦਾ ਅਸਰ ਪੈ ਸਕਦਾ ਹੈ, ਇਹ ਸ਼ਾਮਲ ਹਨ ਅਤੇ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ:

- ਧਿਆਨ ਲਾਉਣਾ, ਯਾਦਦਾਸ਼ਤ, ਪਲੈਨ ਕਰਨ ਦੀ ਸਮਰੱਥਾ, ਕੰਮਾਂ ਦੀ ਵਿਉਂਤ ਬਣਾਉਣਾ ਅਤੇ ਪੂਰੇ ਕਰਨਾ ਅਤੇ ਹਿਸਾਬ ਲਾਉਣਾ ਅਤੇ ਫੈਸਲੇ ਕਰਨਾ, ਹੋਰਨਾਂ ਨਾਲ ਅਸਰਦਾਰ ਤਰੀਕੇ ਨਾਲ ਗੱਲਬਾਤ ਅਤੇ ਤਾਲਮੇਲ ਕਰਨ ਦੀ ਸਮਰੱਥਾ, ਲੰਮੇ ਸਮਿਆਂ ਲਈ ਖੜ੍ਹਨ ਅਤੇ/ਜਾਂ ਤੁਰਨ, ਚੀਜ਼ਾਂ ਚੁੱਕਣ ਅਤੇ ਲਿਜਾਣ ਦੀ ਸਮਰੱਥਾ, ਹੱਥਾਂ ਦੀ ਨਿਪੁੰਨਤਾ ਜਿਹੜੀ ਦੁੱਖਦੇ ਹੱਥਾਂ ਜਾਂ ਉਂਗਲੀਆਂ ਕਾਰਨ ਸੀਮਤ ਹੋ ਸਕਦੀ ਹੈ, ਆਦਿ।

ਤੁਹਾਡਾ ਸਿਹਤ ਮਾਹਰ ਕੋਈ ਵੀ ਉਨ੍ਹਾਂ ਪੇਪਰਾਂ ਦੀਆਂ ਕਾਪੀਆਂ ਨਾਲ ਲਾ ਸਕਦਾ ਹੈ ਜਿਹੜੇ ਕੰਮ ’ਤੇ ਜ਼ਿੰਮੇਵਾਰੀ ਨਿਭਾਉਣ ਦੀ ਤੁਹਾਡੀ ਸਮਰੱਥਾ ’ਤੇ ਰੋਕਾਂ ਦੀ ਕਿਸਮ ਅਤੇ ਗੰਭੀਰਤਾ ਦੀ ਪੁਸ਼ਟੀ ਕਰਦੇ ਹਨ ਜਾਂ ਤਸਦੀਕ ਕਰਦੇ ਹਨ। ਇਸ ਤਰ੍ਹਾਂ ਦੇ ਪੇਪਰਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ ਪਰ ਇਹ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ:

- ਲੈਬਾਰਟਰੀ ਜਾਂ ਟੈੱਸਟਾਂ ਦੀਆਂ ਰਿਪੋਰਟਾਂ ਅਤੇ ਮਨੋਵਿਗਿਆਨਕ ਰਿਪੋਰਟਾਂ, ਜਿਨ੍ਹਾਂ ਵਿਚ ਵਰਕ ਬੀ ਸੀ ਕੌਨਟਰੈਕਟਰ ਸਾਇਕਲੌਜੀਕਲ ਵੋਕੇਸ਼ਨਲ ਰਿਪੋਰਟਾਂ ਵੀ ਸ਼ਾਮਲ ਹਨ।

**<u>ਇਸ ਦੇ ਨਾਲ ਹੀ, ਤੁਹਾਡੇ ਲਈ ਕੰਮ ਦੇ ਰਾਹ ਵਿਚ ਇਨ੍ਹਾਂ ਰੁਕਾਵਟਾਂ ਵਿੱਚੋਂ ਘੱਟ ਘੱਟ ਇਕ ਦੀ ਪਛਾਣ ਕਰਨਾ ਜ਼ਰੂਰੀ ਹੈ:</u>**

- ਇਸ ਵੇਲੇ ਬੇਘਰੇ ਜਾਂ ਪਿਛਲੇ 12 ਮਹੀਨਿਆਂ ਵਿਚ
- ਇਸ ਵੇਲੇ ਪਰਿਵਾਰਕ ਹਿੰਸਾ ਜਾਂ ਪਿਛਲੇ 6 ਮਹੀਨਿਆਂ ਵਿਚ
- ਅੰਗਰੇਜ਼ੀ ਬੋਲੀ ਦੀ ਟਰੇਨਿੰਗ ਦੀ ਲੋੜ
- ਕੰਮ ਲਈ ਮੁਢਲੇ ਹੁਨਰ ਨਾ ਹੋਣਾ
- ਗਰੇਡ 12 ਨਾਲੋਂ ਘੱਟ ਪੜ੍ਹਾਈ
- ਕ੍ਰਿਮੀਨਲ ਰਿਕਾਰਡ
- ਪਿਛਲੇ 12 ਮਹੀਨਿਆਂ ਵਿਚ ਕਈ ਵਾਰੀ ਐਮਰਜੰਸੀ ਵਿਚ ਸਿਹਤ, ਦਿਮਾਗੀ ਸਿਹਤ ਜਾਂ ਨਸ਼ਿਆਂ ਦੀ ਆਦਰ ਲਈ ਸੇਵਾਵਾਂ ਲਈਆਂ ਹਨ
- ਤਾਜ਼ਾ ਕਨਵੈਨਸ਼ਨ ਰਫਿਊਜੀ
- ਬੀ ਸੀ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਜਾਂ ਕੈਨੇਡਾ ਦੇ ਇਹੋ ਜਿਹੇ ਕਿਸੇ ਖੇਤਰ ਵਿਚ ਸੰਭਾਲ ਵਿਚ ਰਿਹਾ ਬੱਚਾ
- ਕੰਮ ਦੇ ਰਾਹ ਵਿਚ ਹੋਰ ਗੰਭੀਰ ਰੁਕਾਵਟਾਂ।

ਆਪਣੇ ਵਲੋਂ ਪਛਾਣ ਕੀਤੀ ਗਈ ਰੁਕਾਵਟ ਜਾਂ ਰੁਕਾਵਟਾਂ ਦੀ ਹਿਮਾਇਤ ਵਿਚ ਤੁਹਾਨੂੰ ਜਾਣਕਾਰੀ ਜਾਂ ਪੇਪਰ ਦੇਣ ਦੀ ਸਲਾਹ ਵੀ ਦਿੱਤੀ ਜਾਂਦੀ ਹੈ।

# ਪੀ ਪੀ ਐੱਮ ਬੀ ਲਈ ਕਿਵੇਂ ਅਪਲਾਈ ਕਰਨਾ ਹੈ

ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਦੇ ਦਫਤਰ ਨੂੰ ਫੋਨ ਕਰੋ ਜਾਂ ਦਫਤਰ ਜਾਉ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਪੀ ਪੀ ਐੱਮ ਬੀ ਲਈ ਅਪਲਾਈ ਕਰਨਾ ਚਾਹੁੰਦੇ ਹੋ।

# ਪੀ ਪੀ ਐੱਮ ਬੀ ਕਿੰਨਾ ਸਮਾਂ ਰਹਿੰਦਾ ਹੈ

ਪੀ ਪੀ ਐੱਮ ਬੀ ਕੋਈ ਪੱਕੀ ਸ਼੍ਰੇਣੀ ਨਹੀਂ ਹੈ, ਅਤੇ ਮਨਿਸਟਰੀ ਕੋਲ ਕਿਸੇ ਵਿਅਕਤੀ ਦੀ ਪੀ ਪੀ ਐੱਮ ਬੀ ਲਈ ਹੱਕਦਾਰੀ ਦੀ ਪੜਚੋਲ ਕਰਨ ਦਾ ਅਧਿਕਾਰ ਹੈ। ਮਨਿਸਟਰੀ ਇਸ ਵੇਲੇ ਖਾਸ ਹਾਲਤਾਂ ਤੋਂ ਬਿਨਾਂ ਨੇਮ ਨਾਲ ਪੜਚੋਲਾਂ ਨਹੀਂ ਕਰ ਰਹੀ ਜਿਵੇਂ ਕਿ ਗਲਤ ਜਾਂ ਨਾਕਾਫੀ ਜਾਣਕਾਰੀ ਦਾ ਪਤਾ ਲੱਗਣਾ।

# ਜੇ ਤੁਹਾਨੂੰ ਪੀ ਪੀ ਐੱਮ ਬੀ ਤੋਂ ਨਾਂਹ ਹੋ ਜਾਂਦੀ ਹੈ

ਜੇ ਤੁਹਾਨੂੰ ਪੀ ਪੀ ਐੱਮ ਬੀ ਭੱਤਿਆਂ ਤੋਂ ਨਾਂਹ ਹੋ ਜਾਂਦੀ ਹੈ ਤਾਂ ਤੁਸੀਂ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ। ਅਪੀਲ ਦੇ ਪਹਿਲੇ ਪੱਧਰ ਨੂੰ ਰੀਕੌਨਸਿਡਰੇਸ਼ਨ ਆਖਿਆ ਜਾਂਦਾ ਹੈ।

ਜਿਵੇਂ ਹੀ ਤੁਹਾਨੂੰ ਇਹ ਪਤਾ ਲੱਗੇ ਕਿ ਤੁਹਾਨੂੰ ਨਾਂਹ ਕਰ ਦਿੱਤੀ ਗਈ ਹੈ, ਐੱਮ ਐੱਸ ਡੀ ਪੀ ਆਰ ਦੇ ਆਪਣੇ ਲੋਕਲ ਦਫਤਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਤੋਂ ਰਿਕੁਐਸਟ ਫਾਰ ਰੀਕੌਨਸਿਡਰੇਸ਼ਨ ਫਾਰਮ ਅਤੇ ਕੇਸ ਦੀ ਫਾਇਲ ਦੀ ਜਾਣਕਾਰੀ ਮੰਗੋ। ਤੁਹਾਡੇ ਲਈ ਇਹ ਨਾਂਹ ਦੀ ਆਪਣੀ ਚਿੱਠੀ ਮਿਲਣ ਦੀ ਤਾਰੀਕ ਤੋਂ ਬਾਅਦ 20 ਕਾਰੋਬਾਰੀ ਦਿਨਾਂ ਦੇ ਵਿਚ ਵਿਚ ਮਨਿਸਟਰੀ ਨੂੰ ਵਾਪਸ ਦੇਣਾ ਜ਼ਰੂਰੀ ਹੈ।

ਡਿਸਏਬਿਲਟੀ ਅਲਾਇੰਸ ਬੀ ਸੀ ਨੇ ਅਪੀਲ ਕਰਨ ਬਾਰੇ ਸਾਮੱਗਰੀ ਤਿਆਰ ਕੀਤੀ ਹੈ। ਕਿਰਪਾ ਕਰਕੇ https://www.disabilityalliancebc.org ’ਤੇ ਸਾਡੇ ਵੈੱਬਸਾਈਟ ਉੱਪਰ ਜਾਉ ਜਾਂ ਜਾਣਕਾਰੀ ਲਈ ਸਾਡੇ ਦਫਤਰ ਨੂੰ 604-872-1278 ’ਤੇ ਫੋਨ ਕਰੋ।

ਕਦੇ ਕਦੇ ਅਪੀਲ ਕਰਨ ਨਾਲੋਂ ਪੀ ਪੀ ਐੱਮ ਬੀ ਲਈ ਦੁਬਾਰਾ ਅਪਲਾਈ ਕਰਨਾ ਤੇਜ਼ ਅਤੇ ਸੌਖਾ ਹੁੰਦਾ ਹੈ। ਜੇ ਤੁਸੀਂ ਨਵੀਂ ਐਪਲੀਕੇਸ਼ਨ ਕਰਨਾ ਚਾਹੁੰਦੇ ਹੋ ਤਾਂ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ ਅਤੇ ਕਿਸੇ ਵਰਕਰ ਨਾਲ ਗੱਲ ਕਰੋ। ਇਸ ਦੇ ਨਾਲ ਹੀ, ਤੁਸੀਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤੇ ਲਈ ਯੋਗ ਹੋ ਸਕਦੇ ਹੋ ਅਤੇ ਇਸ ਲਈ ਅਪਲਾਈ ਕਰਨਾ ਚਾਹੁੰਦੇ ਹੋ ਸਕਦੇ ਹੋ, ਜੋ ਕਿ ਮਦਦ ਦਾ ਪੀ ਪੀ ਐੱਮ ਬੀ ਦੇ ਭੱਤੇ ਨਾਲੋਂ ਜ਼ਿਆਦਾ ਰੇਟ ਦਿੰਦਾ ਹੈ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **ਹੈਲਪ ਸ਼ੀਟ 2: ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਲਈ ਐਪਲੀਕੇਸ਼ਨ** ਦੇਖੋ।

# ਸਿਹਤ ਮਾਹਰਾਂ ਨੂੰ ਚਿੱਠੀ:

ਤੁਹਾਡੇ ਮਰੀਜ਼ ਦੇ ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਭੱਤੇ ਦੇ ਯੋਗ ਹੋਣ ਲਈ, ਉਨ੍ਹਾਂ ਦੇ ਸਿਹਤ ਮਾਹਰ ਵਲੋਂ ਹਿੱਸਾ ਸੀ – ਐਪਲੀਕੇਸ਼ਨ ਦਾ ਹੈਲਥ ਅਸੈੱਸਮੈਂਟ ਭਾਗ ਭਰਨਾ ਜ਼ਰੂਰੀ ਹੈ। ਪੀ ਪੀ ਐੱਮ ਬੀ ਭੱਤਾ ਬੇਸਿਕ ਇਨਕਮ ਅਸਿਸਟੈਂਸ ਨਾਲੋਂ ਮਹੀਨੇ ਦੇ ਤਕਰੀਬਨ 50 ਡਾਲਰ ਜ਼ਿਆਦਾ ਦਿੰਦਾ ਹੈ। ਪੀ ਪੀ ਐੱਮ ਬੀ ਲੈਣ ਵਾਲੇ ਖਾਸ ਹੈਲਥ ਸਪਲੀਮੈਂਟਾਂ ਲਈ ਵੀ ਯੋਗ ਹੁੰਦੇ ਹਨ, ਅਤੇ ਉਹ ਆਪਣੇ ਭੱਤੇ ਘਟਾਏ ਬਿਨਾਂ ਮਹੀਨੇ ਦੇ 900 ਡਾਲਰ ਤੱਕ ਕਮਾ ਸਕਦੇ ਹਨ। ਇਸ ਕਰਕੇ ਤੁਹਾਡੇ ਮਰੀਜ਼ ਲਈ ਅਸਲੀ ਫਾਇਦੇ ਹਨ ਜੇ ਉਹ ਪੀ ਪੀ ਐੱਮ ਬੀ ਲਈ ਯੋਗ ਹੁੰਦੇ ਹਨ।

ਅਸੀਂ ਬੜੇ ਆਦਰ ਨਾਲ ਕਹਿੰਦੇ ਹਾਂ ਕਿ ਤੁਸੀਂ ਹਿੱਸਾ ਸੀ – ਹੈਲਥ ਅਸੈੱਸਮੈਂਟ ਭਰੋ। ਤੁਹਾਡੀ ਅਤੇ ਤੁਹਾਡੇ ਮਰੀਜ਼ ਦੀ ਮਦਦ ਕਰਨ ਲਈ, ਅਸੀਂ ਅਸੈੱਸਮੈਂਟ ਵਿਚਲੇ ਕੁਝ ਸਵਾਲਾਂ ਬਾਰੇ ਇਕ ਸੰਖੇਪ ਗਾਈਡ ਲਿਖੀ ਹੈ ਜਿਸ ਬਾਰੇ ਸਾਡਾ ਯਕੀਨ ਹੈ ਕਿ ਇਸ ਵੱਲ ਖਾਸ ਧਿਆਨ ਦਿੱਤੇ ਜਾਣ ਦੀ ਲੋੜ ਹੈ।

**1. ਸਿਹਤ ਦੀ ਹਾਲਤ**
ਕਿਰਪਾ ਕਰਕੇ ਸਾਰੀਆਂ ਮੈਡੀਕਲ ਹਾਲਤਾਂ ਲਿਖੋ (ਸਮੇਤ ਨਸ਼ੇ ਦੀ ਆਦਤ ਦੇ)। ਪੀ ਪੀ ਐੱਮ ਬੀ ਲਈ ਯੋਗ ਹੋਣ ਲਈ ਅਰਜ਼ੀਕਰਤਾ ਦੀ ਮੈਡੀਕਲ ਹਾਲਤ ਘੱਟੋ ਘੱਟ ਇਕ ਸਾਲ ਲਈ ਰਹੀ ਹੋਣਾ ਜ਼ਰੂਰੀ ਹੈ।

**2. ਮਿਆਦ**
ਪੀ ਪੀ ਐੱਮ ਬੀ ਲਈ ਮਿਆਦ ਦੀ ਸ਼ਰਤ ਇਹ ਹੈ ਕਿ ਮੈਡੀਕਲ ਹਾਲਤ ਦਾ "ਦੋ ਸਾਲਾਂ ਨਾਲੋਂ ਜ਼ਿਆਦਾ ਸਮੇਂ ਲਈ" ਜਾਰੀ ਰਹਿਣ ਦੀ ਸੰਭਾਵਨਾ ਹੋਣਾ ਜ਼ਰੂਰੀ ਹੈ।

**3. ਬੰਦਸ਼ਾਂ**
ਇਹ ਜ਼ਰੂਰੀ ਹੈ ਕਿ ਤੁਸੀਂ ਇਸ ਚੀਜ਼ ਬਾਰੇ ਵੇਰਵੇ ਦਿਉ ਕਿ ਤੁਹਾਡੇ ਮਰੀਜ਼ ਦੀ ਮੈਡੀਕਲ ਹਾਲਤ ਕਿਵੇਂ ਉਸ ਨੂੰ ਕੰਮ ਦੇ ਨਜ਼ਰੀਏ ਤੋਂ ਸੀਮਤ ਕਰਦੀ ਹੈ। ਇਹ ਮਦਦ ਕਰਨ ਵਾਲਾ ਹੈ ਜੇ ਤੁਸੀਂ ਇਹ ਕਹਿੰਦੇ ਹੋ ਕਿ ਸਿਹਤ ਦੀਆਂ ਇਨ੍ਹਾਂ ਮਜ਼ਬੂਰੀਆਂ ਦੇ ਨਤੀਜੇ ਵਜੋਂ ਤੁਹਾਡਾ ਮਰੀਜ਼ ਕਿਸੇ ਵੀ ਕਿਸਮ ਦਾ ਕੰਮ ਕਰਨ ਦੇ ਅਯੋਗ ਹੈ। ਕਿਰਪਾ ਕਰਕੇ ਅਰਜ਼ੀਕਰਤਾ ਦੀ ਕੰਮ ਕਰਨ ਦੀ ਸਮਰੱਥਾ ਦਾ ਮੁਲਾਂਕਣ "ਅਸਲੀ ਦੁਨੀਆ" ਦੇ ਦ੍ਰਿਸ਼ਟੀਕੋਣ ਤੋਂ ਕਰੋ। ਉਦਾਹਰਣ ਲਈ, 60 ਸਾਲ ਦੀ ਉਮਰ ਦਾ ਕੋਈ ਮਰਦ, ਜਿਸ ਦੀ ਪੜ੍ਹਾਈ ਸੀਮਤ ਹੈ ਅਤੇ ਉਹ ਹੁਣ ਇਕ ਮਜ਼ਦੂਰ ਦੇ ਤੌਰ 'ਤੇ ਕੰਮ ਕਰਨ ਦੇ ਯੋਗ ਨਹੀਂ ਹੈ, ਉਸ ਦੇ ਕਿਸੇ ਦਫਤਰ ਦੇ ਵਰਕਰ ਵਜੋਂ ਕੰਮ ਲੱਭਣ ਦੇ ਯੋਗ ਹੋਣ ਦੀ ਬਹੁਤ ਹੀ ਘੱਟ ਸੰਭਾਵਨਾ ਹੈ।

**4. ਸਹਾਇਕ ਪੱਤਰ**
ਕਿਰਪਾ ਕਰਕੇ ਕੋਈ ਵੀ ਉਹ ਰਿਪੋਰਟਾਂ ਜਾਂ ਸਲਾਹ-ਮਸ਼ਵਰੇ ਸ਼ਾਮਲ ਕਰੋ ਜਿਹੜੇ ਤੁਹਾਡੇ ਮਰੀਜ਼ ਦੇ ਵਿਗਾੜ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੰਦੇ ਹਨ।

ਇਹ ਹੈਲਥ ਅਸੈੱਸਮੈਂਟ ਮੁਕੰਮਲ ਕਰਨ ਵਾਸਤੇ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ।

ਤਹਿ ਦਿਲੋਂ

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.

dabc disability alliance bc | we are all connected

HSA

THE LAW FOUNDATION OF BRITISH COLUMBIA